# ਮੇਰਾ ਸ਼ਰਨਾਰਥੀ ਦਾਅਵਾ

## ਕਨੇਡਾ ਵਿੱਚ ਸ਼ਰਨਾਰਥੀ ਦਾਅਵਾ ਕਰਨ ਲਈ ਤੁਹਾਡਾ ਮਾਰਗਦਰਸ਼ਨ



**ਅਰੰਭਿਕ ਬੁੱਕਲੈਟ/ ਪੁਸਤਿਕਾ**

---

ਮਾਰਚ 2025

Punjabi | pendjabi | ਪੰਜਾਬੀ

# ਇਸ ਅਰੰਭਿਕ ਪੁਸਤਿਕਾ ਬਾਰੇ

## ਉਦੇਸ਼

ਇਹ ਅਰੁੰਭਿਕ ਬੁੱਕਲੈਟ/ ਪੁਸਤਿਕਾ ਤੁਹਾਡੀ ਸ਼ਰਨਾਰਥੀ ਦਾਅਵੇ ਦੀ ਯਾਤਰਾ ਵਿੱਚ ਤੁਹਾਡੀ ਅਗਵਾਈ ਕਰਨ ਲਈ ਤਿਆਰ ਕੀਤੀ ਗਈ ਹੈ ਤਾਂ ਜੋ ਤੁਸੀਂ ਜਾਣਕਾਰ ਰਹੋ, ਸੰਪਰਕ ਵਿੱਚ ਅਤੇ ਤਿਆਰ ਰਹੋ।

# ਇਸ ਅਰੁੰਭਿਕ ਪੁਸਤਿਕਾ ਦਾ ਇਸਤੇਮਾਲ ਕਿਵੇ ਕੀਤਾ ਜਾਵੇ



ਇਸ ਅਰੁੰਭਿਕ ਪੁਸਤਿਕਾ ਦੀ ਵਰਤੋਂ ਕਰਕੇ ਸਮਝੋ

- ਤੁਸੀਂ ਸ਼ਰਨਾਰਥੀ ਦਾਅਵੇ ਦੀ ਪ੍ਰਕਿਰਿਆ ਵਿੱਚ ਕਿੱਥੇ ਹੋ
- ਕੌਣ ਤੁਹਾਡੀ ਮੱਦਦ ਕਰ ਸਕਦਾ ਹੈ?
- ਅਗਲੇ ਕਦਮਾਂ ਲਈ ਆਪਣੇ ਆਪ ਨੂੰ ਕਿਵੇਂ ਤਿਆਰ ਕਰਨਾ ਹੈ

ਇਹ ਗਾਈਡ www.myrefugeeclaim.ca ਤੇ ਕਿਊਆਰ ਕੋਡਾਂ ਦੀ ਵਰਤੋਂ  ਕਰਦਿਆ ਵਿਸਤ੍ਰਿਤ ਜਾਣਕਾਰੀ ਵੱਲ ਲੈ ਜਾਂਦੀ ਹੈ।



# ਕਿਊਆਰ ਕੋਡ ਦੀ ਵਰਤੋਂ ਕਿਵੇਂ ਕਰੀਏ?

ਕਿਊਆਰ ਕੋਡ ਨੂੰ ਸਕੈਨ ਕਰਨ ਲਈ ਆਪਣੇ ਸਮਾਰਟਫ਼ੋਨ ‘ਤੇ ਕੈਮਰਾ ਜਾਂ ਕਿਊਆਰ ਕੋਡ ਐਪ ਦੀ ਵਰਤੋਂ ਕਰੋ। ਲਿੰਕ ‘ਤੇ ਕਲਿੱਕ ਕਰੋ, ਜੋ ਤੁਹਾਨੂ www.myrefugeeclaim.ca ਦੇ ਸਹੀ ਸਫ਼ੇ/ ਪੰਨੇ ਤੇ ਲੈ ਜਾਵੇ ਗਾ।

# ਸਮੱਗਰੀ


| | |
|---|---|
| ਸੁੰਖੇਪ ਸ਼ਬਦ | 2 |
| ਸ਼ਰਨਾਰਥੀ ਦਾਅਵਾ ਸ਼ੁਰੂ ਕਰਨ ਤੋਂ ਪਹਿਲਾਂ... | 3 |
| ਸ਼ਰਨਾਰਥੀ ਦਾਅਵੇ ਦੀ ਪ੍ਰਕ੍ਰਿਆ ਕਿਵੇਂ ਕੰਮ ਕਰਦੀ ਹੈ? | 5 |
| ਕੀ ਮੈਂ ਸ਼ਰਨਾਰਥੀ ਦਾ ਦਾਅਵਾ ਕਰ ਸਕਦਾ/ਸਕਦੀ ਹਾਂ? | 6 |
| ਮੈਂ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਕਿਵੇਂ ਪ੍ਰਾਪਤ ਕਰਾਂ? | 9 |
| ਮੈਂ ਹਵਾਈ ਅੱਡੇ, ਬੰਦਰਗਾਹ, ਜਾਂ ਜ਼ਮੀਨੀ ਸਰਹੱਦ (ਪ੍ਰਵੇਸ਼ ਦੀ ਬੰਦਰਗਾਹ) 'ਤੇ ਸ਼ਰਨਾਰਥੀ ਦਾ ਦਾਅਵਾ ਕਿਵੇਂ ਕਰਾਂ? | 10 |
| ਜੇਕਰ ਮੈਂ ਪਹਿਲਾਂ ਹੀ ਕਨੇਡਾ (ਅੰਦਰੂਨੀ) ਵਿੱਚ ਹਾਂ ਤਾਂ ਮੈਂ ਸ਼ਰਨਾਰਥੀ ਦਾ ਦਾਅਵਾ ਕਿਵੇਂ ਕਰਾਂ? | 11 |
| ਮੈਂ ਆਪਣੇ ਸ਼ਰਨਾਰਥੀ ਦਾਅਵੇ ਦੀ ਸੁਣਵਾਈ ਲਈ ਕਿਵੇਂ ਤਿਆਰੀ ਕਰਾਂ? | 12 |
| ਮੈਂ ਆਪਣੇ ਸ਼ਰਨਾਰਥੀ ਦਾਅਵੇ ਦੀ ਸੁਣਵਾਈ 'ਤੇ ਕੀ ਉਮੀਦ ਕਰ ਸਕਦਾ ਹਾਂ? | 14 |
| ਮੈਨੂੰ ਕਿਵੇਂ ਅਤੇ ਕਦੋਂ ਪਤਾ ਲੱਗੇਗਾ ਕਿ ਮੇਰਾ ਦਾਅਵਾ ਸਵੀਕਾਰ ਕੀਤਾ ਗਿਆ ਹੈ? | 16 |
| ਜੇ ਮੈਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਕੀ ਹੋਵੇਗਾ? | 18 |
| ਮੇਰੇ ਸ਼ਰਨਾਰਥੀ ਦਾਅਵੇ ਦੀ ਮਦਦ ਲਈ ਮੈਂ ਕੀ ਕਾਰਵਾਈਆਂ ਕਰ ਸਕਦਾ/ਸਕਦੀ ਹਾਂ | 19 |
| ਮੇਰੀਆਂ ਮਹੱਤਵਪੂਰਨ ਸ਼ਰਨਾਰਥੀ ਦਾਅਵਾ ਮਿਤੀਆਂ ਅਤੇ ਸਮਾਂ ਸੀਮਾਵਾਂ | 23 |

# ਸੁੰਖੇਪ ਸ਼ਬਦ

**BOC | ਬੀਓਸੀ**
Basis of Claim | ਦਾਅਵੇ ਦਾ ਆਧਾਰ

**CBSA | ਸੀਬੀਐਸਏ**
Canada Border Services Agency | ਕਨੇਡਾ ਬਾਰਡਰ ਸਰਵਿਸਿਜ਼ ਏਜੰਸੀ

**IME | ਆਇਐਮਈ**
Immigration Medical Exam | ਇਮੀਗ੍ਰੇਸ਼ਨ ਮੈਡੀਕਲ ਪ੍ਰੀਖਿਆ

**IRB | ਆਈਆਰਬੀ**
Immigration and Refugee Board of Canada | ਕਨੇਡਾ ਦਾ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ

**IRB-IAD | ਆਈਰਬੀ-ਆਈਏਡੀ**
Immigration and Refugee Board of Canada – Immigration Appeal Division | ਕਨੇਡਾ ਦਾ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ – ਇਮੀਗ੍ਰੇਸ਼ਨ ਅਪੀਲ ਡਿਵੀਜ਼ਨ

**IRB-ID | ਆਈਆਰਬੀ-ਆਈਡੀ**
Immigration and Refugee Board of Canada – Immigration Division | ਕਨੇਡਾ ਦਾ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ – ਇਮੀਗ੍ਰੇਸ਼ਨ ਡਿਵੀਜ਼ਨ

**IRB-RAD | ਆਈਆਰਬੀ-ਆਰਏਡੀ**
Immigration and Refugee Board of Canada – Refugee Appeal Division | ਕਨੇਡਾ ਦਾ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ – ਰਫਿਊਜੀ ਅਪੀਲ ਡਿਵੀਜ਼ਨ

**IRB-RPD | ਆਈਆਰਬੀ-ਆਰਪੀਡੀ**
Immigration and Refugee Board of Canada – Refugee Protection Division | ਕਨੇਡਾ ਦਾ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ – ਰਫਿਊਜੀ ਪ੍ਰੋਟੈਕਸ਼ਨ ਡਿਵੀਜ਼ਨ

**IRCC | ਆਈਆਰਸੀਸੀ**
Immigration, Refugees and Citizenship Canada | ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕਨੇਡਾ

**RPID**
Refugee Protection Identity Document | ਸ਼ਰਣਾਰਥੀ ਸੁਰੱਖਿਆ ਪਹਿਚਾਣ ਦਸਤਾਵੇਜ਼

# ਸ਼ਰਨਾਰਥੀ ਦਾਅਵਾ ਸ਼ੁਰੂ ਕਰਨ ਤੋਂ ਪਹਿਲਾਂ...

## ਹੋ ਸਕਦਾ ਹੈ ਕਿ ਤੁਸੀਂ ਆਪਣੇ ਦੇਸ਼ ਵਿੱਚ ਇੱਕ ਮੁਸ਼ਕਲ ਸਥਿਤੀ ਵਿੱਚ ਰਹੇ ਹੋਵੋ।

ਤੁਸੀਂ ਇਸ ਸੋਚ ਵਿੱਚ ਹੋ ਕਿ ਕਨੇਡਾ ਤੁਹਾਨੂੰ ਸ਼ਰਨਾਰਥੀ ਸੁਰੱਖਿਆ ਦੇ ਸਕਦਾ ਹੈ।

ਕਨੇਡਾ  ਵਿੱਚ ਇੱਕ ਸ਼ਰਨਾਰਥੀ ਸੁਰੱਖਿਆ ਪ੍ਰਣਾਲੀ ਹੈ ਜੋ ਉਹਨਾਂ ਲੋਕਾਂ ਨੂੰ ਕਨੇਡਾ ਵਿੱਚ ਰਹਿਣ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੰਦੀ ਹੈ ਜੋ ਆਪਣੇ ਦੇਸ਼ ਵਿੱਚ ਖਤਰਨਾਕ ਸਥਿਤੀਆਂ ਦਾ ਸਾਹਮਣਾ ਕਰਦੇ ਹਨ।

ਕਨੇਡਾ ਵਿੱਚ ਸ਼ਰਨਾਰਥੀ ਸੁਰੱਖਿਆ ਦੀ ਮੰਗ ਕਰਨਾ ਸ਼ਰਨਾਰਥੀ ਦਾਅਵਾ ਕਰਨਾ ਕਿਹਾ ਜਾਂਦਾ ਹੈ। ਸ਼ਰਨਾਰਥੀ ਦਾ ਦਾਅਵਾ ਕਰਨ ਵਾਲੇ ਹਰ ਵਿਅਕਤੀ ਨੂੰ ਸ਼ਰਨਾਰਥੀ ਸੁਰੱਖਿਆ ਨਹੀਂ ਮਿਲੇਗੀ। ਜੇਕਰ ਤੁਹਾਨੂੰ ਸ਼ਰਨਾਰਥੀ ਸੁਰੱਖਿਆ ਦਿੱਤੀ ਜਾਂਦੀ ਹੈ, ਤਾਂ ਤੁਸੀਂ ਕਨੇਡਾ ਵਿੱਚ ਰਹਿ ਸਕਦੇ ਹੋ ਅਤੇ ਸਥਾਈ ਨਿਵਾਸੀ ਬਣਨ ਲਈ ਅਰਜ਼ੀ ਦੇ ਸਕਦੇ ਹੋ।

## ਤੁਸੀਂ ਸ਼ਾਇਦ ਹੈਰਾਨ ਹੋਵੋਗੇ ਕਿ ਕੀ ਤੁਹਾਡੇ ਨਾਲ ਜੋ ਹੋਇਆ ਉਹ ਤੁਹਾਨੂੰ ਸ਼ਰਨਾਰਥੀ ਸੁਰੱਖਿਆ ਲਈ ਯੋਗ ਬਣਾਉਂਦਾ ਹੈ।

ਹਰ ਵਿਅਕਤੀ ਦਾ ਅਨੁਭਵ ਉਹਨਾਂ ਦਾ ਆਪਣਾ ਹੁੰਦਾ ਹੈ।

ਕੁਝ ਲੋਕ ਸੋਚਦੇ ਹਨ ਕਿ ਉਹਨਾਂ ਦਾ ਔਖਾ ਅਨੁਭਵ ਸੁਰੱਖਿਆ ਦਾ ਹੱਕਦਾਰ ਹੈ, ਪਰ ਕਾਨੂੰਨ ਕਹਿੰਦਾ ਹੈ ਕਿ ਅਜਿਹਾ ਨਹੀਂ ਹੋ ਸਕਦਾ।

ਕੁਝ ਲੋਕ ਸੋਚਦੇ ਹਨ ਕਿ ਉਹਨਾਂ ਦਾ ਔਖਾ ਅਨੁਭਵ ਸੁਰੱਖਿਆ ਦਾ ਹੱਕਦਾਰ ਨਹੀਂ ਹੈ, ਪਰ ਕਨੂੰਨ ਕਹਿੰਦਾ ਹੈ ਕਿ ਅਜਿਹਾ ਹੁੰਦਾ ਹੈ।

## ਆਪਣੇ ਤਜ਼ਰਬੇ ਬਾਰੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਤੋਂ ਸਲਾਹ ਲੈਣਾ ਮਹੱਤਵਪੂਰਨ ਹੈ।

ਸੱਚ ਦੱਸੋ। ਇਹ ਤੁਹਾਡੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨੂੰ ਤੁਹਾਨੂੰ ਸਭ ਤੋਂ ਵਧੀਆ ਸਲਾਹ ਦੇਣ ਵਿੱਚ ਮਦਦ ਕਰੇਗਾ।

ਤੁਹਾਡਾ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਤੁਹਾਡੇ ਅਗਲੇ ਕਦਮ ਦਾ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰੇਗਾ।

# ਮੇਰੀਆਂ ਜ਼ਰੂਰੀ ਲੋੜਾਂ

ਤੁਹਾਡੀ ਸ਼ਰਨਾਰਥੀ ਦਾਅਵਾ ਪ੍ਰਕਿਰਿਆ ਦੌਰਾਨ ਹੱਲ ਕਰਨ ਲਈ ਸਮੱਸਿਆਵਾਂ ਅਤੇ ਫੌਰੀ ਲੋੜਾਂ ਹੋ ਸਕਦੀਆਂ ਹਨ, ਜਿਵੇਂ ਕਿ:

- ਮੈਂ ਰਹਿਣ ਲਈ ਕਿਫਾਇਤੀ ਜਗ੍ਹਾ ਕਿਵੇਂ ਲੱਭਾਂ?
- ਮੇਰੇ ਬੱਚੇ ਸਕੂਲ ਕਿੱਥੇ ਜਾਣਗੇ?
- ਮੈਨੂੰ ਵਰਕ ਪਰਮਿਟ ਕਿਵੇਂ ਮਿਲੇਗਾ?
- ਮੈਂ ਨੌਕਰੀ ਕਿਵੇਂ ਲੱਭਾਂਗਾ?
- ਮੈਂ ਅੰਗਰੇਜ਼ੀ ਜਾਂ ਫ੍ਰਾਂਸੀਸੀ ਕਿੱਥੇ ਸਿੱਖ ਸਕਦਾ ਹਾਂ?
- ਮੈਂ ਸਿਹਤ ਸੰਭਾਲ ਕਿਵੇਂ ਪ੍ਰਾਪਤ ਕਰਾਂ?
- ਮੈਂ ਆਪਣੇ ਪਰਿਵਾਰ ਨਾਲ ਕਦੋਂ ਮਿਲਾਂਗਾ?
- ਜੇ ਕਨੇਡਾ ਮੈਨੂੰ ਸ਼ਰਨਾਰਥੀ ਸੁਰੱਖਿਆ ਨਹੀਂ ਦਿੰਦਾ ਤਾਂ ਕੀ ਹੋਵੇਗਾ?

ਇਹ ਅਹਿਮ ਸਵਾਲ ਹਨ। ਇੱਕ ਬੰਦੋਬਸਤ ਜਾਂ ਬੰਦੋਬਸਤ ਏਜੰਸੀ ਇਹਨਾਂ ਸਵਾਲਾਂ ਦੇ ਜਵਾਬ ਦੇਣ ਅਤੇ ਇਹ ਯਕੀਨੀ ਬਣਾਉਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ ਕਿ ਤੁਹਾਡੀਆਂ ਜ਼ਰੂਰੀ ਲੋੜਾਂ ਪੂਰੀਆਂ ਹੁੰਦੀਆਂ ਹਨ।

**ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹੋਏ ਆਪਣੇ ਸ਼ਰਨਾਰਥੀ ਦਾਅਵੇ 'ਤੇ ਕੇਂਦ੍ਰਿਤ ਰਹੋ।**



# ਸ਼ਰਨਾਰਥੀ ਦਾਅਵੇ ਦੀ ਪ੍ਰਕ੍ਰਿਆ ਕਿਵੇਂ ਕੰਮ ਕਰਦੀ ਹੈ?

ਇਹ ਤੁਹਾਡੀ ਸ਼ਰਨਾਰਥੀ ਦਾਅਵੇ ਦੀ ਪ੍ਰਕ੍ਰਿਆ ਦੀਆਂ ਮਹੱਤਵਪੂਰਨ ਘਟਨਾਵਾਂ ਹਨ।

**ਕਨੇਡਾ ਦੀ ਸ਼ਰਨਾਰਥੀ ਸੁਰੱਖਿਆ ਪ੍ਰਣਾਲੀ ਬਾਰੇ ਜਾਣੋ**

**ਜੇਕਰ ਸੰਭਵ ਹੋਵੇ ਤਾਂ ਕਾਨੂੰਨੀ ਪ੍ਰਤੀਨਿਧਤਾ ਪ੍ਰਾਪਤ ਕਰੋ**

**ਆਪਣਾ ਸ਼ਰਨਾਰਥੀ ਦਾਅਵਾ ਸ਼ੁਰੂ ਕਰੋ**

**ਆਪਣੀ ਯੋਗਤਾ ਇੰਟਰਵਿਊ ਵਿੱਚ ਸ਼ਾਮਲ ਹੋਵੋ**

**ਸ਼ਰਨਾਰਥੀ ਦਾਅਵੇਦਾਰ ਬਣੋ**

**ਆਪਣੀ ਸ਼ਰਨਾਰਥੀ ਸੁਣਵਾਈ ਲਈ ਤਿਆਰ ਰਹੋ**

**ਆਪਣੀ ਸ਼ਰਨਾਰਥੀ ਸੁਣਵਾਈ ਵਿੱਚ ਹਾਜ਼ਰ ਹੋਵੋ**

**ਆਪਣਾ ਸ਼ਰਨਾਰਥੀ ਫੈਸਲਾ ਪ੍ਰਾਪਤ ਕਰੋ ਅਤੇ ਅਗਲੇ ਕਦਮ ਚੁੱਕੋ**

## ਮਹੱਤਵਪੂਰਨ

ਇਹ ਮਹੱਤਵਪੂਰਨ ਘਟਨਾਵਾਂ ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿੱਥੇ ਹੋ ਅਤੇ ਤੁਸੀਂ ਆਪਣਾ ਦਾਅਵਾ ਕਿਵੇਂ ਸ਼ੁਰੂ ਕਰਦੇ ਹੋ, ਇੱਕ ਵੱਖਰੇ ਕ੍ਰਮ ਵਿੱਚ ਹੋ ਸਕਦਾ ਹੈ।



# ਕੀ ਮੈਂ ਸ਼ਰਨਾਰਥੀ ਦਾ ਦਾਅਵਾ ਕਰ ਸਕਦਾ/ਸਕਦੀ ਹਾਂ?

ਕਨੇਡਾ ਵਿੱਚ ਸ਼ਰਨਾਰਥੀ ਸੁਰੱਖਿਆ ਦੀ ਮੰਗ ਕਰਨ ਵਾਲੇ ਵਿਅਕਤੀ ਨੂੰ ਸ਼ਰਨਾਰਥੀ ਦਾਅਵੇਦਾਰ ਕਿਹਾ ਜਾਂਦਾ ਹੈ।

ਸ਼ਰਨਾਰਥੀ ਦਾਅਵੇਦਾਰ ਬਣਨ ਲਈ, ਤੁਹਾਨੂੰ ਇਹ ਕਰਨ ਦੀ ਲੋੜ ਹੈ:

- ਕਨੇਡਾ ਵਿੱਚ ਹੋਵੋ ਜਾਂ ਫਿਰ ਕਨੇਡਾ ਦੀ ਪ੍ਰਵੇਸ਼ ਦੀ ਬੰਦਰਗਾਹ ਤੇ (ਹਵਾਈ ਅੱਡਾ, ਸਰਹੱਦ, ਬੰਦਰਗਾਹ)
- ਸ਼ਰਨਾਰਥੀ ਦਾ ਦਾਅਵਾ ਕਰਨ ਲਈ ਯੋਗ (ਮਨਜ਼ੂਰ) ਬਣੋ

## ਮਹੱਤਵਪੂਰਨ

ਜੇ ਤੁਹਾਨੂ ਯਕੀਨ ਨਹੀਂ ਹੈ ਕਿ ਤੁਸੀਂ ਸ਼ਰਨਾਰਥੀ ਦਾਅਵੇਦਾਰ ਬਣ ਸਕਦੇ ਹੋ, ਤਾਂ ਆਪਣਾ ਦਾਅਵਾ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲਓ।

# ਕਿਸ ਕਾਰਨ ਤੁਸੀਂ ਸ਼ਰਨਾਰਥੀ ਦਾ ਦਾਅਵਾ ਕਰਨ ਦੇ ਯੋਗ (ਮਨਜ਼ੂਰ) ਨਹੀਂ ਹੋ ਸਕਦੇ

**ਸ਼ਰਨਾਰਥੀ ਸਥਿਤੀ**

- [ ] ਮੇਰੇ ਕੋਲ ਕਿਸੇ ਹੋਰ ਦੇਸ਼ ਵਿੱਚ ਕਨਵੈਨਸ਼ਨ ਸ਼ਰਨਾਰਥੀ ਸਥਿਤੀ ਹੈ ਜਿਸ ਵਿੱਚ ਮੈਂ ਵਾਪਸ ਜਾ ਸਕਦਾ ਹਾਂ।

**ਅਤੀਤ ਵਿੱਚ**

- [ ] ਮੈਂ ਸੰਯੁਕਤ ਰਾਜ, ਯੂਨਾਈਟਿਡ ਕਿੰਗਡਮ, ਆਸਟ੍ਰੇਲੀਆ, ਜਾਂ ਨਿਊਜ਼ੀਲੈਂਡ ਵਿੱਚ ਸ਼ਰਨਾਰਥੀ ਦਾ ਦਾਅਵਾ ਕੀਤਾ ਹੈ;
- [ ] ਮੈਂ ਕਨੇਡਾ ਵਿੱਚ ਇੱਕ ਸ਼ਰਨਾਰਥੀ ਦਾ ਦਾਅਵਾ ਕੀਤਾ ਸੀ ਜੋ ਇਨਕਾਰ ਕੀਤਾ ਗਿਆ ਸੀ, ਛੱਡ ਦਿੱਤਾ ਗਿਆ ਸੀ, ਜਾਂ ਵਾਪਸ ਲੈ ਲਿਆ ਗਿਆ ਸੀ;
- [ ] ਮੈਨੂੰ ਪਹਿਲਾਂ ਦੱਸਿਆ ਗਿਆ ਸੀ ਕਿ ਮੈਨੂੰ ਕਨੇਡਾ ਵਿੱਚ ਸ਼ਰਨਾਰਥੀ ਦਾ ਦਾਅਵਾ ਕਰਨ ਦੀ ਇਜਾਜ਼ਤ ਨਹੀਂ ਹੈ; ਜਾਂ
- [ ] ਮੇਰੇ ਕੋਲ ਪਹਿਲਾਂ ਕਨੇਡਾ ਵਿੱਚ ਸੁਰੱਖਿਅਤ ਵਿਅਕਤੀ ਦਾ ਦਰਜਾ ਸੀ।

**ਸੁਰੱਖਿਅਤ ਤੀਜੇ ਦੇਸ਼ ਦਾ ਸਮਝੌਤਾ**

- [ ] ਮੈਂ ਕਨੇਡੀਅਨ ਬਾਰਡਰ ਐਂਟਰੀ ਪੁਆਇੰਟ 'ਤੇ ਗਿਆ ਅਤੇ ਮੈਨੂੰ ਕਨੇਡਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਮੈਂ ਸੁਰੱਖਿਅਤ ਤੀਜੇ ਦੇਸ਼ ਸਮਝੌਤੇ ਦੇ ਅਪਵਾਦ ਲਈ ਯੋਗ ਨਹੀਂ ਹਾਂ।
- [ ] ਮੈਂ ਇੱਕ ਅਣ-ਅਧਿਕਾਰਤ ਸਥਾਨ 'ਤੇ ਕਨੇਡਾ ਵਿੱਚ ਦਾਖਲ ਹੋਇਆ ਅਤੇ ਦੋ ਹਫ਼ਤਿਆਂ ਵਿੱਚ ਕਨੇਡੀਅਨ ਅਧਿਕਾਰੀਆਂ ਨੇ ਮੇਰੇ ਨਾਲ ਮੁਲਾਕਾਤ ਕੀਤੀ। ਮੈਨੂੰ ਕਨੇਡਾ ਛੱਡਣਾ ਪਿਆ ਕਿਉਂਕਿ ਮੈਂ ਸੁਰੱਖਿਅਤ ਤੀਜੇ ਦੇਸ਼ ਦਾ ਸਮਝੋਤਾ ਦੇ ਅਪਵਾਦ ਲਈ ਯੋਗ ਨਹੀਂ ਹਾਂ।

**ਜਨਤਕ ਸੁਰੱਖਿਆ**

- [ ] ਮੈਂ ਇੱਕ ਗੰਭੀਰ ਅਪਰਾਧ ਕੀਤਾ ਹੈ ਅਤੇ ਕਨੇਡਾ ਸੋਚ ਸਕਦਾ ਹੈ ਕਿ ਮੈਂ ਇੱਕ ਖਤਰਨਾਕ ਵਿਅਕਤੀ ਹਾਂ।

**ਕਨੇਡਾ ਤੋਂ ਹਟਾਉਣਾ**

- [ ] ਮੇਰੇ ਕੋਲ ਕਨੇਡੀਅਨ ਸਰਕਾਰ ਦਾ ਇੱਕ ਆਦੇਸ਼ ਹੈ ਜੋ ਕਹਿੰਦਾ ਹੈ ਕਿ ਮੈਨੂੰ ਕਨੇਡਾ ਛੱਡਣਾ ਚਾਹੀਦਾ ਹੈ।

ਜੇਕਰ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਬਕਸੇ 'ਤੇ ਨਿਸ਼ਾਨ ਲਗਾਇਆ ਹੈ, ਜਾਂ ਤੁਹਾਨੂੰ ਯਕੀਨ ਨਹੀਂ ਹੈ, ਤਾਂ ਕਿਸੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨਾਲ ਗੱਲ ਕਰੋ।

ਇਸ ਬਾਰੇ ਹੋਰ ਜਾਣੋ ਕਿ ਕੌਣ ਸ਼ਰਨਾਰਥੀ ਦਾਅਵੇਦਾਰ ਬਣ ਸਕਦਾ ਹੈ।

# ਮੈਂ ਕਿਹੜੀਆਂ ਸਰਕਾਰੀ ਏਜੰਸੀਆਂ ਨੂੰ ਮਿਲ ਸਕਦਾ ਹਾਂ?

ਤੁਸੀਂ ਪਹਿਲਾਂ ਸੀਬੀਐਸਏ ਜਾਂ ਆਈਆਰਸੀਸੀ ਨਾਲ ਕੰਮ ਕਰੋਗੇ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣਾ ਸ਼ਰਨਾਰਥੀ ਦਾਅਵਾ ਕਿੱਥੇ ਅਤੇ ਕਿਵੇਂ ਕਰਦੇ ਹੋ।

**ਪ੍ਰਵੇਸ਼ ਦੀ ਬੰਦਰਗਾਹ**

## CBSA | ਸੀਬੀਐਸਏ

**ਕਨੇਡਾ ਬਾਰਡਰ ਸਰਵਿਸਿਜ਼ ਏਜੰਸੀ**

- ਪ੍ਰਵੇਸ਼ ਦੇ ਬੰਦਰਗਾਹਾਂ ਨੂੰ ਨਿਯੰਤਰਿਤ ਕਰਦਾ ਹੈ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਦਾ ਹੈ
- ਇਹ ਫੈਸਲਾ ਕਰਦਾ ਹੈ ਕਿ ਕੀ ਤੁਸੀਂ ਜ਼ਮੀਨੀ ਸਰਹੱਦ, ਹਵਾਈ ਅੱਡੇ, ਜਾਂ ਬੰਦਰਗਾਹ 'ਤੇ ਸ਼ਰਨਾਰਥੀ ਦਾ ਦਾਅਵਾ ਕਰ ਸਕਦੇ ਹੋ

**ਅੰਦਰੂਨੀ**

## IRCC | ਆਈਆਰਸੀਸੀ

**ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕਨੇਡਾ**

- ਪਰਵਾਸੀਆਂ ਅਤੇ ਸ਼ਰਨਾਰਥੀਆਂ ਦੀ ਆਗਮਨ ਨੂੰ ਸੰਭਾਲਦਾ ਹੈ
- ਫੈਸਲਾ ਕਰਦਾ ਹੈ ਕਿ ਕੀ ਤੁਸੀਂ ਕਨੇਡਾ ਦੇ ਅੰਦਰੋਂ ਸ਼ਰਨਾਰਥੀ ਦਾ ਦਾਅਵਾ ਕਰ ਸਕਦੇ ਹੋ

## IRB | ਆਈਆਰਬੀ

**ਕਨੇਡਾ ਦਾ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ**

- ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਮਾਮਲਿਆਂ ਦਾ ਫੈਸਲਾ ਕਰਦਾ ਹੈ
- ਚਾਰ ਡਿਵੀਜ਼ਨਾਂ ਦਾ ਪ੍ਰਬੰਧਨ ਕਰਦਾ ਹੈ

**IRB-RPD (ਰਫਿਊਜੀ ਪ੍ਰੋਟੈਕਸ਼ਨ ਡਿਵੀਜ਼ਨ)**

- ਸ਼ਰਨਾਰਥੀ ਸੁਰੱਖਿਆ ਲਈ ਤੁਹਾਡੇ ਦਾਅਵੇ 'ਤੇ ਫੈਸਲਾ ਕਰਦਾ ਹੈ

**IRB-RAD (ਰਫਿਊਜੀ ਅਪੀਲ ਡਿਵੀਜ਼ਨ)**

- ਸ਼ਰਨਾਰਥੀ ਦਾਅਵਿਆਂ ਬਾਰੇ ਆਈਆਰਬੀ-ਆਰਪੀਡੀ ਫੈਸਲਿਆਂ ਦੀਆਂ ਅਪੀਲਾਂ ਨੂੰ ਸੰਭਾਲਦਾ ਹੈ

**IRB-ID (ਇਮੀਗ੍ਰੇਸ਼ਨ ਡਿਵਿਜਨ)**

- ਯੋਗਤਾ ਸੁਣਵਾਈਆਂ ਅਤੇ ਨਜ਼ਰਬੰਦੀ ਸੁਣਵਾਈਆਂ ਚਲਾਉਂਦਾ ਹੈ

**IRB-IAD (ਇਮੀਗ੍ਰੇਸ਼ਨ ਅਪੀਲ ਡਿਵੀਜ਼ਨ)**

- ਇਮੀਗ੍ਰੇਸ਼ਨ ਮਾਮਲਿਆਂ 'ਤੇ ਅਪੀਲਾਂ ਨੂੰ ਸੰਭਾਲਦਾ ਹੈ

ਇਹਨਾਂ ਮੁੱਖ ਸਰਕਾਰੀ ਏਜੰਸੀਆਂ ਬਾਰੇ ਹੋਰ ਜਾਣੋ।

# ਮੈਂ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਕਿਵੇਂ ਪ੍ਰਾਪਤ ਕਰਾਂ?



ਆਪਣਾ ਸ਼ਰਨਾਰਥੀ ਦਾਅਵਾ ਸ਼ੁਰੂ ਕਰਨ ਤੋਂ ਪਹਿਲਾਂ ਜਾਂ ਜਿੰਨੀ ਜਲਦੀ ਹੋ ਸਕੇ ਕਾਨੂੰਨੀ ਮਦਦ ਲੈਣ ਦੀ ਕੋਸ਼ਿਸ਼ ਕਰੋ। ਜੇਕਰ ਤੁਸੀਂ ਪਹਿਲਾਂ ਹੀ ਆਪਣਾ ਦਾਅਵਾ ਸ਼ੁਰੂ ਕਰ ਦਿੱਤਾ ਹੈ ਅਤੇ ਤੁਹਾਡੇ ਕੋਲ ਕੋਈ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨਹੀਂ ਹੈ, ਤਾਂ ਮਦਦ ਲਈ ਕਿਸੇ ਨਾਲ ਸੰਪਰਕ ਕਰਨ ਦੀ ਪੂਰੀ ਕੋਸ਼ਿਸ਼ ਕਰੋ। ਇਹ ਮਹੱਤਵਪੂਰਨ ਹੈ ਕਿ ਤੁਹਾਡੀ ਸ਼ਰਨਾਰਥੀ ਦਾਅਵੇ ਦੀ ਪ੍ਰਕ੍ਰਿਆ ਦੌਰਾਨ, ਅਤੇ ਤੁਹਾਡੀ ਸ਼ਰਨਾਰਥੀ ਸੁਣਵਾਈ ਦੌਰਾਨ ਤੁਹਾਡਾ ਕੋਈ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਹੋਵੇ।

**ਕਾਨੂੰਨੀ ਸਹਾਇਤਾ ਕਿਵੇਂ ਮਦਦ ਕਰ ਸਕਦੀ ਹੈ:**


ਤੁਸੀਂ ਕਾਨੂੰਨੀ ਸਹਾਇਤਾ ਜਾਂ ਗੈਰ-ਮੁਨਾਫ਼ਾ ਕਲੀਨਿਕ ਦੁਆਰਾ ਮੁਫਤ ਜਾਂ ਘੱਟ ਕੀਮਤ 'ਤੇ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਸੀਂ ਕਿਸ ਸੂਬੇ ਵਿੱਚ ਰਹਿੰਦੇ ਹੋ ਅਤੇ ਤੁਹਾਡੀ ਕੀ ਖਾਸ ਸਥਿਤੀ ਹੈ।

**ਬੰਦੋਬਸਤ ਜਾਂ ਭਾਈਚਾਰਕ ਕਰਮਚਾਰੀ ਕਿਵੇਂ ਮਦਦ ਕਰ ਸਕਦਾ ਹੈ:**

ਆਪਣੇ ਸ਼ਹਿਰ ਜਾਂ ਖੇਤਰ ਵਿੱਚ ਵਕੀਲਾਂ ਜਾਂ ਕਾਨੂੰਨੀ ਪ੍ਰਤੀਨਿਧੀਆਂ ਦੀ ਸੂਚੀ ਲਈ ਕਿਸੇ ਬੰਦੋਬਸਤ ਏਜੰਸੀ ਜਾਂ ਭਾਈਚਾਰਕ ਸੰਸਥਾ ਨੂੰ ਪੁੱਛੋ। ਜੇਕਰ ਤੁਹਾਡੇ ਕੋਲ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਲਈ ਭੁਗਤਾਨ ਕਰਨ ਲਈ ਪੈਸੇ ਨਹੀਂ ਹਨ, ਤਾਂ ਪੁੱਛੋ ਕਿ ਕੀ ਤੁਹਾਡੇ ਸੂਬੇ ਕੋਲ ਕਾਨੂੰਨੀ ਸਹਾਇਤਾ ਹੈ। ਜੇਕਰ ਨਹੀਂ, ਤਾਂ ਤੁਹਾਡੇ ਸੇਵਾ ਪ੍ਰਦਾਤਾ ਕੋਲ ਮੁਫ਼ਤ ਜਾਂ ਘੱਟ ਲਾਗਤ ਵਾਲੇ ਕਾਨੂੰਨੀ ਕਲੀਨਿਕਾਂ ਬਾਰੇ ਜਾਣਕਾਰੀ ਹੋ ਸਕਦੀ ਹੈ।

ਸਿੱਖੋ ਕਿ ਤੁਸੀਂ ਜਿੱਥੇ ਹੋ ਓਥੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨੂੰ ਕਿਵੇਂ ਲੱਭਣਾ ਹੈ।

# ਮੈਂ ਹਵਾਈ ਅੱਡੇ, ਬੰਦਰਗਾਹ, ਜਾਂ ਜ਼ਮੀਨੀ ਸਰਹੱਦ (ਪ੍ਰਵੇਸ਼ ਦੀ ਬੰਦਰਗਾਹ) 'ਤੇ ਸ਼ਰਨਾਰਥੀ ਦਾ ਦਾਅਵਾ ਕਿਵੇਂ ਕਰਾਂ?



- [ ] ਸੀਬੀਐਸਏ ਅਧਿਕਾਰੀ ਨੂੰ ਦੱਸੋ ਕਿ ਤੁਸੀਂ ਸ਼ਰਨਾਰਥੀ ਦਾ ਦਾਅਵਾ ਕਰਨਾ ਚਾਹੁੰਦੇ ਹੋ
- [ ] ਸਾਰੇ ਪਛਾਣ ਦਸਤਾਵੇਜ਼ ਤਿਆਰ ਰੱਖੋ
- [ ] ਆਪਣੇ ਫਿੰਗਰਪ੍ਰਿੰਟ ਅਤੇ ਫੋਟੋਆਂ ਲਓ (ਤੁਹਾਡੇ ਬਾਇਓਮੈਟ੍ਰਿਕਸ)
- [ ] ਇਹ ਦੇਖਣ ਲਈ ਕਿ ਕੀ ਤੁਸੀਂ ਸ਼ਰਨਾਰਥੀ ਦਾਅਵੇਦਾਰ ਬਣ ਸਕਦੇ ਹੋ, ਸੀਬੀਐਸਏ ਨਾਲ ਆਪਣੀ ਯੋਗਤਾ ਇੰਟਰਵਿਊ ਕਰੋ
- [ ] ਜੇਕਰ ਤੁਸੀਂ ਦਾਅਵਾ ਕਰਨ ਦੇ ਯੋਗ (ਮਨਜ਼ੂਰ) ਹੋ, ਤਾਂ ਆਪਣਾ ਸ਼ਰਨਾਰਥੀ ਸੁਰੱਖਿਆ ਪਹਿਚਾਣ ਦਸਤਾਵੇਜ਼ ਅਤੇ ਬੀਓਸੀ ਫਾਰਮ ਪ੍ਰਾਪਤ ਕਰੋ, ਜਾਂ ਔਨਲਾਈਨ ਅਰਜ਼ੀ ਦੇਣ ਲਈ ਨਿਰਦੇਸ਼ ਪ੍ਰਾਪਤ ਕਰੋ
- [ ] ਆਪਣੀ ਮੈਡੀਕਲ ਪ੍ਰੀਖਿਆ (ਆਇਐਮਈ) ਨੂੰ ਪੂਰਾ ਕਰੋ
- [ ] ਆਪਣਾ ਬੀਓਸੀ ਫਾਰਮ ਭਰੋ ਅਤੇ ਆਈਆਰਬੀ-ਆਰਪੀਡੀ ਨੂੰ ਜਮ੍ਹਾਂ ਕਰੋ
- [ ] ਜਦੋਂ ਤੁਸੀਂ ਆਪਣੀ ਸੁਣਵਾਈ ਦੀ ਮਿਤੀ ਦੀ ਉਡੀਕ ਕਰਦੇ ਹੋ ਤਾਂ ਆਪਣੇ ਸ਼ਰਨਾਰਥੀ ਦਾਅਵੇ ਦਾ ਸਮਰਥਨ ਕਰਨ ਲਈ ਸਬੂਤ ਇਕੱਠੇ ਕਰੋ ਅਤੇ ਭੇਜੋ

---

ਦਾਖਲੇ ਦੀ ਬੰਦਰਗਾਹ 'ਤੇ ਸ਼ਰਨਾਰਥੀ ਦਾ ਦਾਅਵਾ ਕਰਨ ਬਾਰੇ ਹੋਰ ਜਾਣੋ।

# ਜੇਕਰ ਮੈਂ ਪਹਿਲਾਂ ਹੀ ਕਨੇਡਾ (ਅੰਦਰੂਨੀ) ਵਿੱਚ ਹਾਂ ਤਾਂ ਮੈਂ ਸ਼ਰਨਾਰਥੀ ਦਾ ਦਾਅਵਾ ਕਿਵੇਂ ਕਰਾਂ?



- [ ] ਤੁਹਾਡੇ ਬੀਓਸੀ ਫਾਰਮ ਅਤੇ ਤੁਹਾਡੀ ਪਛਾਣ ਅਤੇ ਯਾਤਰਾ ਦਸਤਾਵੇਜ਼ਾਂ ਦੀਆਂ ਕਾਪੀਆਂ ਸਮੇਤ ਆਪਣੀ ਸ਼ਰਨਾਰਥੀ ਦਾਅਵੇ ਦੀ ਅਰਜ਼ੀ ਜਮ੍ਹਾ ਕਰਨ ਲਈ ਆਈਆਰਸੀਸੀ ਔਨਲਾਈਨ ਪੋਰਟਲ (ਵੈਬਸਾਈਟ) ਦੀ ਵਰਤੋਂ ਕਰੋ
- [ ] ਕਲੇਮ ਲੈਟਰ ਦੀ ਆਪਣੀ ਰਸੀਦ ਪ੍ਰਾਪਤ ਕਰੋ
- [ ] ਆਪਣੀ ਮੈਡੀਕਲ ਪ੍ਰੀਖਿਆ (ਆਇਐਮਈ) ਨੂੰ ਪੂਰਾ ਕਰੋ
- [ ] ਆਪਣੀ ਬਾਇਓਮੈਟ੍ਰਿਕਸ ਮੁਲਾਕਾਤ 'ਤੇ ਜਾਓ (ਉਂਗਲਾਂ ਦੇ ਨਿਸ਼ਾਨ/ਫੋਟੋਆਂ)
- [ ] ਇਹ ਦੇਖਣ ਲਈ ਕਿ ਕੀ ਤੁਸੀਂ ਸ਼ਰਨਾਰਥੀ ਦਾਅਵੇਦਾਰ ਬਣਨ ਦੇ ਯੋਗ ਹੋ, ਆਈਆਰਸੀਸੀ ਨਾਲ ਆਪਣੀ ਯੋਗਤਾ ਇੰਟਰਵਿਊ ਕਰੋ
- [ ] ਜੇਕਰ ਤੁਸੀਂ ਦਾਅਵਾ ਕਰਨ ਦੇ ਯੋਗ (ਮਨਜ਼ੂਰ) ਹੋ, ਤਾਂ ਆਪਣਾ ਸ਼ਰਨਾਰਥੀ ਸੁਰੱਖਿਆ ਪਹਿਚਾਣ ਦਸਤਾਵੇਜ਼ ਪ੍ਰਾਪਤ ਕਰੋ
- [ ] ਜਦੋਂ ਤੁਸੀਂ ਆਪਣੀ ਸੁਣਵਾਈ ਦੀ ਮਿਤੀ ਦੀ ਉਡੀਕ ਕਰਦੇ ਹੋ ਤਾਂ ਆਪਣੇ ਦਾਅਵੇ ਦੇ ਸਮਰਥਨ ਲਈ ਸਬੂਤ ਇਕੱਠੇ ਕਰੋ ਅਤੇ ਭੇਜੋ

ਅੰਦਰੂਨੀ ਸ਼ਰਨਾਰਥੀ ਦਾ ਦਾਅਵਾ ਕਰਨ ਬਾਰੇ ਹੋਰ ਜਾਣੋ।



# ਮੈਂ ਆਪਣੇ ਸ਼ਰਨਾਰਥੀ ਦਾਅਵੇ ਦੀ ਸੁਣਵਾਈ ਲਈ ਕਿਵੇਂ ਤਿਆਰੀ ਕਰਾਂ?

ਜਿੰਨੀ ਜਲਦੀ ਹੋ ਸਕੇ ਆਪਣੇ ਸ਼ਰਨਾਰਥੀ ਦਾਅਵੇ ਦਾ ਸਮਰਥਨ ਕਰਨ ਲਈ ਸਬੂਤ ਇਕੱਠੇ ਕਰਨਾ ਸ਼ੁਰੂ ਕਰੋ। ਜੇਕਰ ਤੁਹਾਡੇ ਕੋਲ ਕੋਈ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਹੈ, ਤਾਂ ਪੁੱਛੋ ਕਿ ਕਿਹੜੇ ਖਾਸ ਸਬੂਤ ਤੁਹਾਡੇ ਦਾਅਵੇ ਦੀ ਮਦਦ ਕਰ ਸਕਦੇ ਹਨ। ਯਕੀਨੀ ਬਣਾਓ ਕਿ ਤੁਸੀਂ ਆਪਣੇ ਆਪ ਨੂੰ ਅਤੇ ਆਪਣੇ ਵਕੀਲ ਨੂੰ ਆਪਣੇ ਸਬੂਤ ਦੀ ਸਮੀਖਿਆ ਕਰਨ ਅਤੇ ਅਨੁਵਾਦ ਕਰਨ ਲਈ ਕਾਫ਼ੀ ਸਮਾਂ ਦਿੰਦੇ ਹੋ।

ਜਿੰਨੀ ਜਲਦੀ ਹੋ ਸਕੇ ਆਪਣੇ ਸਬੂਤ ਭੇਜੋ। ਸਾਰੇ ਸਬੂਤ ਤੁਹਾਡੀ ਸੁਣਵਾਈ ਦੀ ਮਿਤੀ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਜਮ੍ਹਾ ਕੀਤੇ ਜਾਣੇ ਚਾਹੀਦੇ ਹਨ।

---

ਜਾਣੋ ਕਿ ਕਿਹੜੇ ਸਬੂਤ ਤੁਹਾਡੇ ਸ਼ਰਨਾਰਥੀ ਦਾਅਵੇ ਦਾ ਸਮਰਥਨ ਕਰਦੇ ਹਨ।

# ਕਾਨੂੰਨੀ ਮੁੱਦੇ ਅਤੇ ਮੇਰੇ ਸਬੂਤ

ਤੁਹਾਡੀ ਸ਼ਰਨਾਰਥੀ ਸੁਣਵਾਈ ਦੌਰਾਨ ਕੁਝ ਮਹੱਤਵਪੂਰਨ ਕਾਨੂੰਨੀ ਮੁੱਦਿਆਂ ਨੂੰ ਹੱਲ ਕੀਤਾ ਜਾ ਸਕਦਾ ਹੈ। ਤਿਆਰ ਕਰਨ ਵਿੱਚ ਤੁਹਾਡੀ ਮਦਦ ਲਈ ਹੇਠਾਂ ਦਿੱਤੀ ਚੈੱਕਲਿਸਟ ਦੀ ਵਰਤੋਂ ਕਰੋ।

**ਮੇਰੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨਾਲ ਚਰਚਾ ਕੀਤੀ?**

**ਮੇਰੇ ਸਬੂਤਾਂ ਦਾ ਅਨੁਵਾਦ ਕੀਤਾ ਗਿਆ ਹੈ ਅਤੇ ਭੇਜਿਆ ਗਿਆ ਹੈ?**



- ☐ ☐ **ਪਛਾਣ**
  ਦਸਤਾਵੇਜ਼ਾਂ ਨਾਲ ਸਾਬਤ ਕਰੋ ਕਿ ਮੈਂ ਕੌਣ ਹਾਂ ਅਤੇ ਕਿੱਥੋਂ ਦਾ ਹਾਂ
- ☐ ☐ **ਭਰੋਸੇਯੋਗਤਾ**
  ਸਾਬਤ ਕਰੋ ਕਿ ਮੈਂ ਆਪਣੀ ਕਹਾਣੀ ਬਾਰੇ ਸੱਚ ਬੋਲ ਰਿਹਾ ਹਾਂ
- ☐ ☐ **ਸੱਚਾ ਡਰ**
  ਦਿਖਾਓ ਕਿ ਮੈਨੂੰ ਅਤਿਆਚਾਰ ਦਾ ਅਸਲੀ ਡਰ ਹੈ
- ☐ ☐ **ਨਿੱਜੀ ਜੋਖਮ**
  ਇਹ ਸਾਬਤ ਕਰੋ ਕਿ ਜਿਸ ਜੋਖਮ ਦਾ ਤੁਸੀਂ ਸਾਹਮਣਾ ਕਰਦਾ ਹਾਂ ਉਹ ਵਿਅਕਤੀਗਤ ਹੈ, ਅਤੇ ਹਰ ਕਿਸੇ ਲਈ ਆਮ ਨਹੀਂ ਹੈ
- ☐ ☐ **ਕੋਈ ਸਰਕਾਰੀ ਸੁਰੱਖਿਆ ਨਹੀਂ**
  ਦਿਖਾਓ ਕਿ ਮੇਰੀ ਸਰਕਾਰ ਮੇਰੀ ਸੁਰੱਖਿਆ ਨਹੀਂ ਕਰ ਸਕਦੀ
- ☐ ☐ **ਮੇਰੇ ਦੇਸ਼ ਵਿੱਚ ਕੋਈ ਸੁਰੱਖਿਅਤ ਥਾਂ ਨਹੀਂ**
  ਸਾਬਤ ਕਰੋ ਕਿ ਮੈਂ ਆਪਣੇ ਦੇਸ਼ ਵਿੱਚ ਕਿਤੇ ਵੀ ਸੁਰੱਖਿਅਤ ਢੰਗ ਨਾਲ ਨਹੀਂ ਰਹਿ ਸਕਦਾ
- ☐ ☐ **ਕਿਸੇ ਹੋਰ ਦੇਸ਼ ਵਿੱਚ ਕਾਨੂੰਨੀ ਨਿਵਾਸ (ਜੇ ਕੋਈ ਹੋਵੇ)**
  ਦਿਖਾਓ ਕਿ ਮੈਂ ਕਿਸੇ ਹੋਰ ਦੇਸ਼ ਵਿੱਚ ਸੁਰੱਖਿਅਤ ਢੰਗ ਨਾਲ ਨਹੀਂ ਰਹਿ ਸਕਦਾ, ਜੇਕਰ ਮੈਂ ਉੱਥੇ ਦਾ ਨਾਗਰਿਕ ਜਾਂ ਸਥਾਈ ਨਿਵਾਸੀ ਹਾਂ
- ☐ ☐ **ਅਪਰਾਧਿਕਤਾ (ਜੇ ਕੋਈ ਹੈ)**
  ਦਿਖਾਓ ਕਿ ਮੈਂ ਸੰਗਠਿਤ ਜਾਂ ਗੰਭੀਰ ਅਪਰਾਧ ਵਿੱਚ ਹਿੱਸਾ ਨਹੀਂ ਲਿਆ ਹੈ
- ☐ ☐ **ਦਾਅਵਾ ਕਰਨ ਵਿੱਚ ਦੇਰੀ (ਜੇ ਕੋਈ ਹੋਵੇ)**
  ਦੱਸੋ ਕਿ ਮੈਂ ਆਪਣਾ ਦੇਸ਼ ਜਲਦੀ ਕਿਉਂ ਨਹੀਂ ਛੱਡਿਆ, ਕਿਤੇ ਹੋਰ ਦਾਅਵਾ ਕਿਉਂ ਨਹੀਂ ਕੀਤਾ, ਜਾਂ ਕਨੇਡਾ ਪਹੁੰਚਦੇ ਹੀ ਸ਼ਰਨਾਰਥੀ ਦਾ ਦਾਅਵਾ ਕਿਉਂ ਨਹੀਂ ਕੀਤਾ

ਸਬੂਤਾਂ ਦੀਆਂ ਉਦਾਹਰਨਾਂ ਦੇਖੋ ਜੋ ਤੁਸੀਂ ਇਹਨਾਂ ਕਾਨੂੰਨੀ ਮੁੱਦਿਆਂ ਵਿੱਚੋਂ ਹਰੇਕ ਲਈ ਜਮ੍ਹਾਂ ਕਰ ਸਕਦੇ ਹੋ।



# ਮੈਂ ਆਪਣੇ ਸ਼ਰਨਾਰਥੀ ਦਾਅਵੇ ਦੀ ਸੁਣਵਾਈ 'ਤੇ ਕੀ ਉਮੀਦ ਕਰ ਸਕਦਾ ਹਾਂ?

**ਤੁਹਾਡੀ ਸ਼ਰਨਾਰਥੀ ਸੁਣਵਾਈ ਸ਼ਰਨਾਰਥੀ ਦਾਅਵੇ ਦੀ ਪ੍ਰਕਿਰਿਆ ਦੀ ਕੇਂਦਰੀ ਘਟਨਾ ਹੈ।**

ਆਈਆਰਬੀ-ਆਰਪੀਡੀ ਤੁਹਾਨੂੰ ਇੱਕ ਪੇਸ਼ ਹੋਣ ਲਈ ਨੋਟਿਸ ਪੱਤਰ ਭੇਜੇਗਾ ਜਿਸ ਵਿੱਚ ਤੁਹਾਡੀ ਸ਼ਰਨਾਰਥੀ ਸੁਣਵਾਈ ਦੀ ਮਿਤੀ ਲਿਖੀ ਹੋਵੇਗੀ।

ਤੁਹਾਡੀ ਸੁਣਵਾਈ 'ਤੇ, ਇੱਕ ਆਈਆਰਬੀ-ਆਰਪੀਡੀ ਮੈਂਬਰ ਤੁਹਾਡੇ ਦਾਅਵੇ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਫੈਸਲਾ ਕਰੇਗਾ।

ਹਾਲਾਂਕਿ ਤੁਸੀਂ ਆਪਣੀ ਸ਼ਰਨਾਰਥੀ ਸੁਣਵਾਈ ਬਾਰੇ ਚਿੰਤਾ ਮਹਿਸੂਸ ਕਰ ਸਕਦੇ ਹੋ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਆਈਆਰਬੀ ਅਦਾਲਤ ਨਾਲੋਂ ਘੱਟ ਅਧਿਕਾਰਿਕ ਹੈ। ਆਈਆਰਬੀ-ਆਰਪੀਡੀ ਮੈਂਬਰ ਜੱਜ ਨਹੀਂ ਹੈ। ਤੁਹਾਡੀ ਸ਼ਰਨਾਰਥੀ ਸੁਣਵਾਈ 'ਤੇ ਜਨਤਾ ਨੂੰ ਇਜਾਜ਼ਤ ਨਹੀਂ ਹੈ।

ਤੁਹਾਡੀ ਸ਼ਰਨਾਰਥੀ ਸੁਣਵਾਈ ਇੱਕ ਨਿੱਜੀ ਜਗ੍ਹਾ ਵਿੱਚ ਤੁਹਾਡੀ ਕਹਾਣੀ ਦੱਸਣ ਦਾ ਸਭ ਤੋਂ ਵਧੀਆ ਮੌਕਾ ਹੈ। ਤੁਸੀਂ ਇਹ ਦੱਸਣ ਲਈ ਸਵਾਲਾਂ ਦੇ ਜਵਾਬ ਦਿਓਗੇ ਕਿ ਤੁਹਾਨੂੰ ਕਨੇਡਾ ਦੀ ਸੁਰੱਖਿਆ ਦੀ ਲੋੜ ਕਿਉਂ ਹੈ। ਸੱਚ ਦੱਸਣਾ ਜ਼ਰੂਰੀ ਹੈ। ਕਦੇ ਵੀ ਕੋਈ ਜਵਾਬ ਨਾ ਘੜੋ। ਜੇ ਤੁਸੀਂ ਕੁਝ ਨਹੀਂ ਜਾਣਦੇ, ਜਾਂ ਤੁਹਾਨੂੰ ਯਕੀਨ ਨਹੀਂ ਹੈ, ਦੱਸ ਦਿਉ।

ਜਦੋਂ ਕਿ ਜ਼ਿਆਦਾਤਰ ਸ਼ਰਨਾਰਥੀ ਸੁਣਵਾਈਆਂ ਵਰਚੁਅਲ (ਆਨਲਾਈਨ) ਹੁੰਦੀਆਂ ਹਨ, ਕੁਝ ਵਿਅਕਤੀਗਤ ਤੌਰ 'ਤੇ ਹੋ ਸਕਦੀਆਂ ਹਨ।

## ਮਹੱਤਵਪੂਰਨ

ਜਿੰਨੀ ਜਲਦੀ ਤੁਸੀਂ ਕਰ ਸਕਦੇ ਹੋ, ਔਨਲਾਈਨ ਸੁਣਵਾਈ ਦੇ  ਤਿਆਰ ਦੌਰੇ ਲਈ ਨਾਮ ਦਰਜ ਕਰੋ। ਆਪਣੇ ਸੁਣਵਾਈ ਲਈ ਤਿਆਰ ਦੌਰੇ 'ਤੇ, ਤੁਸੀਂ ਆਈਆਰਬੀ-ਆਰਪੀਡੀ ਦੇ ਸਟਾਫ/ ਕਰਮਚਾਰੀਆਂ ਨੂੰ ਮਿਲਦੇ ਹੋ, ਸਿੱਖੋ ਕਿ ਤੁਹਾਡੀ ਸ਼ਰਨਾਰਥੀ ਸੁਣਵਾਈ ਲਈ ਕਿਵੇਂ ਤਿਆਰ ਹੋਣਾ ਹੈ, ਅਤੇ ਇਹ ਸਮਝੋ ਕਿ ਤੁਹਾਡੀ ਸੁਣਵਾਈ 'ਤੇ ਕੌਣ ਹੋ ਸਕਦਾ ਹੈ। ਤੁਸੀਂ ਸ਼ਰਨਾਰਥੀ ਸੁਰੱਖਿਆ ਪ੍ਰਕ੍ਰਿਆ ਬਾਰੇ ਵੀ ਸਵਾਲ ਪੁੱਛ ਸਕਦੇ ਹੋ।

ਇਸ ਬਾਰੇ ਹੋਰ ਜਾਣੋ ਅਤੇ ਆਪਣੇ ਔਨਲਾਈਨ ਸੁਣਵਾਈ ਤਿਆਰ ਟੂਰ ਲਈ ਨਾਮ ਦਰਜ ਕਰੋ।

# ਮੇਰੇ ਸ਼ਰਨਾਰਥੀ ਦਾਅਵੇ ਦੀ ਸੁਣਵਾਈ 'ਤੇ ਕੌਣ ਹੋਵੇਗਾ?



**ਉਹ ਲੋਕ ਜੋ ਤੁਹਾਡੀ ਸ਼ਰਨਾਰਥੀ ਸੁਣਵਾਈ 'ਤੇ ਹੋ ਸਕਦੇ ਹਨ:**

**ਸ਼ਰਨਾਰਥੀ ਦਾਅਵੇਦਾਰ:** (ਤੁਸੀਂ)

**ਆਈਆਰਬੀ-ਆਰਪੀਡੀ ਮੈਂਬਰ:** ਤੁਹਾਡੇ ਸ਼ਰਨਾਰਥੀ ਦਾਅਵੇ ਦਾ ਫੈਸਲਾ ਕਰਦਾ ਹੈ

**ਤੁਹਾਡਾ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ:** ਤੁਹਾਡਾ ਸਮਰਥਨ ਕਰਦਾ ਹੈ ਅਤੇ ਤੁਹਾਡਾ ਦਾਅਵਾ ਪੇਸ਼ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ

**ਦੁਭਾਸ਼ੀਏ:** ਅਨੁਵਾਦ ਕਰਦਾ ਹੈ ਤਾਂ ਜੋ ਤੁਸੀਂ ਆਪਣੀ ਭਾਸ਼ਾ ਵਿੱਚ ਗੱਲ ਕਰ ਸਕੋ, ਜੇ ਤੁਸੀਂ ਚਾਹੋ

**ਗਵਾਹ:** ਤੁਹਾਡੀ ਕਹਾਣੀ ਦੀ ਪੁਸ਼ਟੀ ਕਰਨ ਲਈ ਤੁਹਾਡੀ ਸੁਣਵਾਈ ਤੇ ਬੋਲੇਗਾ ਅਤੇ ਸਵਾਲਾਂ ਦੇ ਜਵਾਬ ਦੇਵੇਗਾ

**ਨਿਰੀਖਕ:** ਤੁਹਾਡਾ ਸਮਰਥਨ ਕਰੇਗਾ (ਪਰਿਵਾਰ ਜਾਂ ਦੋਸਤ ਜਿਨ੍ਹਾਂ ਨੂੰ ਤੁਸੀਂ ਸੱਦਾ ਦੇ ਸਕਦੇ ਹੋ)

**ਮੰਤਰੀ ਦਾ ਵਕੀਲ ਜਾਂ ਸਲਾਹਕਾਰ (ਆਈਆਰਸੀਸੀ ਜਾਂ ਸੀਬੀਐਸਏ):** ਤੁਹਾਡੀ ਸੁਣਵਾਈ 'ਤੇ ਸਿਰਫ਼ ਤਾਂ ਹੀ ਜਾਂਦਾ ਹੈ ਜੇਕਰ ਉਹ ਤੁਹਾਡੇ ਸ਼ਰਨਾਰਥੀ ਦਾਅਵੇ ਦਾ ਵਿਰੋਧ ਕਰਦੇ ਹਨ (ਤੁਹਾਡੇ ਤੋਂ ਸਵਾਲ ਪੁੱਛ ਸਕਦੇ ਹਨ ਜਾਂ ਦਸਤਾਵੇਜ਼ ਲਿਆ ਸਕਦੇ ਹਨ)

**ਤੁਹਾਡੇ ਬੱਚੇ:** ਉਹਨਾਂ ਦੀ ਉਮਰ ਦੇ ਅਧਾਰ ਤੇ, ਤੁਹਾਡੇ ਬੱਚਿਆਂ ਨੂੰ ਤੁਹਾਡੀ ਸੁਣਵਾਈ ਵਿੱਚ ਹਾਜ਼ਰ ਹੋਣ ਦੀ ਲੋੜ ਹੋ ਸਕਦੀ ਹੈ ਜਾਂ ਨਹੀਂ

ਤੁਹਾਡੀ ਸ਼ਰਨਾਰਥੀ ਸੁਣਵਾਈ 'ਤੇ ਕੀ ਹੋਵੇਗਾ ਇਸ ਬਾਰੇ ਹੋਰ ਜਾਣੋ।



# ਮੈਨੂੰ ਕਿਵੇਂ ਅਤੇ ਕਦੋਂ ਪਤਾ ਲੱਗੇਗਾ ਕਿ ਮੇਰਾ ਦਾਅਵਾ ਸਵੀਕਾਰ ਕੀਤਾ ਗਿਆ ਹੈ?

ਤੁਹਾਡੀ ਸ਼ਰਨਾਰਥੀ ਸੁਣਵਾਈ ਤੋਂ ਬਾਅਦ, ਆਈਆਰਬੀ-ਆਰਪੀਡੀ ਮੈਂਬਰ:

- ਤੁਹਾਨੂੰ ਉਨ੍ਹਾਂ ਦਾ ਫੈਸਲਾ ਤੁਰੰਤ ਦੱਸੇਗਾ, ਜਾਂ
- ਉਹਨਾਂ ਦਾ ਫੈਸਲਾ ਡਾਕ ਵਿੱਚ ਭੇਜੇਗਾ।

ਕਿਸੇ ਮੈਂਬਰ ਲਈ ਆਪਣਾ ਫੈਸਲਾ ਲੈਣ ਲਈ ਕੋਈ ਨਿਰਧਾਰਤ ਸਮਾਂ ਨਹੀਂ ਹੈ। ਜੇਕਰ ਤੁਹਾਡੇ ਫੈਸਲੇ ਵਿੱਚ ਦੇਰੀ ਹੁੰਦੀ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਸ਼ਰਨਾਰਥੀ ਦਾਅਵੇ ਨੂੰ ਰੱਦ ਕਰ ਦਿੱਤਾ ਜਾਵੇਗਾ।

ਯਕੀਨੀ ਬਣਾਓ ਕਿ ਆਈਆਰਬੀ-ਆਰਪੀਡੀ ਕੋਲ ਤੁਹਾਡਾ ਸਹੀ ਪਤਾ ਹੈ। ਜਦੋਂ ਇਹ ਤੁਹਾਨੂੰ ਡਾਕ ਰਾਹੀਂ ਭੇਜਿਆ ਜਾਂਦਾ ਹੈ ਤਾਂ ਤੁਸੀਂ ਆਪਣਾ ਫੈਸਲਾ ਪੱਤਰ ਗੁਆਉਣਾ ਨਹੀਂ ਚਾਹੁੰਦੇ!

---

ਆਪਣੇ ਸ਼ਰਨਾਰਥੀ ਸੁਣਵਾਈ ਦੇ ਫੈਸਲੇ ਅਤੇ ਅਗਲੇ ਕਦਮਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

# ਫੈਸਲਾ ਪ੍ਰਾਪਤ ਕਰਨ ਤੋਂ ਬਾਅਦ ਅਗਲੇ ਕਦਮ

**ਜੇਕਰ ਮੇਰਾ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਅੱਗੇ ਕੀ ਹੋਵੇਗਾ?**

ਜੇਕਰ ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਇਸਦਾ ਮਤਲਬ ਹੈ ਕਿ ਹੁਣ ਤੁਹਾਡੇ ਕੋਲ ਕਨੇਡਾ ਵਿੱਚ ਸੁਰੱਖਿਅਤ ਵਿਅਕਤੀ ਜਾਂ ਕਨਵੈਨਸ਼ਨ ਸ਼ਰਨਾਰਥੀ ਸਥਿਤੀ ਹੈ। ਤੁਸੀਂ ਹੁਣ ਆਪਣੀ ਸਥਾਈ ਨਿਵਾਸ ਅਰਜ਼ੀ ਸ਼ੁਰੂ ਕਰ ਸਕਦੇ ਹੋ। ਧਿਆਨ ਰੱਖੋ ਕਿ ਸੀਬੀਐਸਏ ਜਾਂ ਆਈਆਰਸੀਸੀ 15 ਦਿਨਾਂ ਦੇ ਅੰਦਰ ਆਈਆਰਬੀ-ਆਰਪੀਡੀ ਦੇ ਫੈਸਲੇ 'ਤੇ ਅਪੀਲ ਕਰ ਸਕਦੇ ਹਨ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਰੰਤ ਆਪਣੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨਾਲ ਸੰਪਰਕ ਕਰੋ।





**ਜੇਕਰ ਮੇਰਾ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਅੱਗੇ ਕੀ ਹੋਵੇਗਾ?**

ਜੇਕਰ ਤੁਹਾਡਾ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਤੁਹਾਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਏਹ ਦੇਖਣ ਲਈ ਕਿ ਤੁਹਾਡੇ ਕਾਨੂੰਨੀ ਵਿਕਲਪ ਕਿ ਹਨ।

**ਜੇਕਰ ਤੁਹਾਡਾ ਦਾਅਵਾ ਅਸਵੀਕਾਰ ਕੀਤਾ ਜਾਂਦਾ ਹੈ ਤਾਂ ਇਹ ਕਦਮ ਚੁੱਕਣੇ ਜ਼ਰੂਰੀ ਹਨ:**

- ☐ ਫੈਸਲੇ ਨੂੰ ਧਿਆਨ ਨਾਲ ਪੜ੍ਹੋ
- ☐ ਸਮਝੋ ਕਿ ਤੁਸੀਂ ਤੰਗ ਸਮਾਂ ਸੀਮਾ ਦੇ ਅਧੀਨ ਹੋ
- ☐ ਤੁਰੰਤ ਆਪਣੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨਾਲ ਗੱਲ ਕਰੋ
- ☐ ਆਪਣੇ ਸਹਿਯੋਗੀ ਲੋਕਾਂ ਦੇ ਸਮੂਹ ਤੋਂ ਮਦਦ ਪ੍ਰਾਪਤ ਕਰੋ
- ☐ ਸੂਚਿਤ ਰਹੋ ਅਤੇ ਉਮੀਦ ਰੱਖੋ
- ☐ ਅਪੀਲ ਪ੍ਰਕਿਰਿਆ ਵਿਚਲੇ ਕਦਮਾਂ ਅਤੇ ਅੰਤਮ ਤਾਰੀਖਾਂ ਬਾਰੇ ਜਾਣਨ ਲਈ www.myrefugeeclaim.ca ਵੈੱਬਸਾਈਟ 'ਤੇ ਅਪੀਲ ਤਿਆਰ  ਟੂਰ ਵਿਚ ਸ਼ਾਮਲ ਹੋਣ ਲਈ ਆਪਣਾ ਨਾਮ ਦਰਜ ਕਰੋ

## ਮਹੱਤਵਪੂਰਨ

ਜੇਕਰ ਤੁਹਾਡਾ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ, ਤਾਂ ਤੁਹਾਡੇ ਲਈ ਸਭ ਤੋਂ ਵਧੀਆ ਵਿਕਲਪ ਬਾਰੇ ਚਰਚਾ ਕਰਨ ਲਈ ਤੁਰੰਤ ਆਪਣੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨਾਲ ਗੱਲ ਕਰੋ।



# ਜੇ ਮੈਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਕੀ ਹੋਵੇਗਾ?

ਤੁਹਾਨੂੰ ਸੀਬੀਐਸਏ ਦੁਆਰਾ ਨਜ਼ਰਬੰਦ ਕੀਤਾ ਜਾ ਸਕਦਾ ਹੈ (ਹਿਰਾਸਤ ਵਿੱਚ ਰੱਖਿਆ ਗਿਆ) ਜੇਕਰ ਉਹ ਵਿਸ਼ਵਾਸ ਕਰਦੇ ਹਨ:

- ਜਦੋਂ ਤੁਸੀਂ ਉਹਨਾ ਦੇ ਬਲਾਉਣ ਤੇ ਹਾਜਰ ਨਹੀਂ ਹੁੰਦੇ
- ਤੁਸੀਂ ਉਹ ਨਹੀਂ ਹੋ ਜੋ ਤੁਸੀਂ ਕਹਿੰਦੇ ਹੋ ਕਿ ਤੁਸੀਂ ਹੋ (ਜਾਂ ਤੁਹਾਡੇ ਕੋਲ ਆਪਣੀ ਪਛਾਣ ਸਾਬਤ ਕਰਨ ਲਈ ਦਸਤਾਵੇਜ਼ ਨਹੀਂ ਹਨ)
- ਤੁਸੀਂ ਕਨੇਡਾ ਦੇ ਲੋਕਾਂ ਲਈ ਖ਼ਤਰਾ ਹੋ
- ਤੁਸੀਂ ਜਨਤਕ ਸੁਰੱਖਿਆ ਜਾਂ ਅਪਰਾਧ ਬਾਰੇ ਚਿੰਤਾਵਾਂ ਪੈਦਾ ਕਰਦੇ ਹੋ

# ਜੇ ਮੈਨੂੰ ਨਜ਼ਰਬੰਦ ਕੀਤਾ ਗਿਆ ਹੈ ਤਾਂ ਮੈਂ ਕਿਸ ਨਾਲ ਗੱਲ ਕਰ ਸਕਦਾ ਹਾਂ?

ਜੇਕਰ ਤੁਹਾਨੂੰ ਨਜ਼ਰਬੰਦ ਕੀਤਾ ਜਾਂਦਾ ਹੈ, ਤਾਂ ਇਹ ਦੇਖਣ ਲਈ ਕਿ ਕੀ ਤੁਹਾਨੂੰ ਰਿਹਾਅ ਕੀਤਾ ਜਾ ਸਕਦਾ ਹੈ, ਤੁਹਾਡੇ ਲਈ ਨਿਯਤ ਸਮੇਂ 'ਤੇ ਨਜ਼ਰਬੰਦੀ ਸਮੀਖਿਆ ਸੁਣਵਾਈ ਹੋਵੇਗੀ। ਤੁਹਾਡੀ ਨਜ਼ਰਬੰਦੀ ਦੀਆਂ ਸਮੀਖਿਆਵਾਂ ਵਿੱਚ ਤੁਹਾਨੂੰ ਕਾਨੂੰਨੀ ਪ੍ਰਤੀਨਿਧਤਾ ਦਾ ਅਧਿਕਾਰ ਹੈ। ਤੁਹਾਨੂੰ ਆਪਣਾ ਆਪ ਕਾਨੂੰਨੀ ਪ੍ਰਤੀਨਿਧੀ ਲੱਭਣ ਦੀ ਲੋੜ ਹੋ ਸਕਦੀ ਹੈ।

ਜੇਕਰ ਤੁਸੀਂ ਕਿਸੇ ਵਕੀਲ ਨਾਲ ਗੱਲ ਨਹੀਂ ਕਰ ਸਕਦੇ, ਤਾਂ ਸੀਬੀਐਸਏ ਨੂੰ ਕਹੋ ਕਿ ਉਹ ਤੁਹਾਨੂੰ ਕਿਸੇ ਬੰਦੋਬਸਤ ਏਜੰਸੀ ਜਾਂ ਭਾਈਚਾਰਕ ਸੰਸਥਾ ਨਾਲ ਸੰਪਰਕ ਕਰਾਵੇ।

## ਮਹੱਤਵਪੂਰਨ

ਨਜ਼ਰਬੰਦ ਲੋਕਾਂ ਦੇ ਅਧਿਕਾਰ ਹਨ। ਉਦਾਹਰਨ ਲਈ, ਜਦੋਂ ਤੁਸੀਂ ਨਜ਼ਰਬੰਦ ਹੁੰਦੇ ਹੋ ਤਾਂ ਤੁਹਾਨੂੰ ਡਾਕਟਰੀ ਸਹਾਇਤਾ ਲੈਣ, ਆਪਣੇ ਧਰਮ ਦਾ ਅਭਿਆਸ ਕਰਨ, ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ ਸੰਪਰਕ ਕਰਨ ਦਾ ਅਧਿਕਾਰ ਹੈ ਜੋ ਤੁਹਾਡੀ ਸਹਾਇਤਾ ਕਰ ਸਕਦੇ ਹਨ।

ਕਨੇਡਾ ਵਿੱਚ ਇਮੀਗ੍ਰੇਸ਼ਨ ਨਜ਼ਰਬੰਦੀ ਬਾਰੇ ਹੋਰ ਜਾਣਕਾਰੀ ਪੜ੍ਹੋ।

# ਮੇਰੇ ਸ਼ਰਨਾਰਥੀ ਦਾਅਵੇ ਦੀ ਮਦਦ ਲਈ ਮੈਂ ਕੀ ਕਾਰਵਾਈਆਂ ਕਰ ਸਕਦਾ/ਸਕਦੀ ਹਾਂ




ਕਨੇਡਾ ਵਿੱਚ ਸ਼ਰਨਾਰਥੀ ਦਾ ਦਾਅਵਾ ਕਰਨਾ ਆਸਾਨ ਨਹੀਂ ਹੈ। ਤੁਸੀਂ ਆਪਣੀ ਮੁਸ਼ਕਲ ਸਥਿਤੀ ਵਿੱਚ ਇਕੱਲੇ ਮਹਿਸੂਸ ਕਰ ਸਕਦੇ ਹੋ।

ਤੁਸੀਂ ਅਸੁਰੱਖਿਅਤ ਮਹਿਸੂਸ ਕਰ ਸਕਦੇ ਹੋ ਅਤੇ ਇਹ ਨਹੀਂ ਜਾਣਦੇ ਹੋਵੋਗੇ ਕਿ ਕਿਸ 'ਤੇ ਭਰੋਸਾ ਕਰਨਾ ਹੈ। ਤੁਹਾਨੂੰ ਸ਼ਾਇਦ ਪਤਾ ਨਾ ਹੋਵੇ ਕਿ ਕਿਹੜੀ ਜਾਣਕਾਰੀ ਸੱਚੀ ਹੈ ਅਤੇ ਕਿਹੜੀ ਗਲਤ ਹੈ।

ਤੁਸੀਂ ਇਸ ਬਾਰੇ ਅਨਿਸ਼ਚਿਤ ਮਹਿਸੂਸ ਕਰ ਸਕਦੇ ਹੋ ਕਿ ਅੱਗੇ ਕੀ ਕਰਨਾ ਹੈ।

**ਆਪਣੇ ਸ਼ਰਨਾਰਥੀ ਦਾਅਵੇ ਦੀ ਪ੍ਰਕ੍ਰਿਆ ਵਿਚ ਮੱਦਦ ਕਰਨ ਲਈ ਇਹ ਤਿੰਨ ਮਹੱਤਪੂਰਨ ਕਾਰਵਾਈਆਂ ਕਰੋ:**





# ਜਾਣਕਾਰੀ ਪ੍ਰਾਪਤ ਕਰੋ।

ਸ਼ਰਨਾਰਥੀ ਸੁਰੱਖਿਆ ਲਈ ਇਹ **ਤੁਹਾਡਾ** ਦਾਅਵਾ ਹੈ। ਸੂਚਿਤ ਕਰਨਾ ਅਤੇ ਆਪਣੀ ਸਥਿਤੀ 'ਤੇ ਕਾਬੂ ਪਾਉਣਾ ਤੁਹਾਡੀ ਜ਼ਿੰਮੇਵਾਰੀ ਹੈ। ਸਵਾਲ ਪੁੱਛੋ। ਆਪਣੇ ਕੇਸ ਦੀ ਮਦਦ ਲਈ ਲੋੜੀਂਦੀ ਜਾਣਕਾਰੀ ਪ੍ਰਾਪਤ ਕਰੋ।

ਤੁਹਾਡੀ ਸ਼ਰਨਾਰਥੀ ਦਾਅਵੇ ਦੀ  ਯਾਤਰਾ ਤੋਂ ਪਹਿਲਾਂ ਅਤੇ ਦੌਰਾਨ, ਕਨੇਡਾ ਦੀ ਸ਼ਰਨਾਰਥੀ ਸੁਰੱਖਿਆ ਪ੍ਰਕ੍ਰਿਆ ਨੂੰ ਜਿੰਨਾ ਤੁਸੀਂ ਕਰ ਸਕਦੇ ਹੋ, ਉਸ ਨੂੰ ਸਮਝਣ ਲਈ ਕਾਰਵਾਈ ਕਰੋ।

ਯਕੀਨੀ ਬਣਾਓ ਕਿ ਤੁਹਾਡੀ ਜਾਣਕਾਰੀ ਭਰੋਸੇਯੋਗ ਸਰੋਤਾਂ ਤੋਂ ਆਉਂਦੀ ਹੈ, ਅਤੇ ਗਲਤ ਜਾਣਕਾਰੀ ਤੋਂ ਪ੍ਰਹੇਜ ਰੱਖੋ।

**ਜਾਣਕਾਰੀ ਪ੍ਰਾਪਤ ਕਰਨ ਲਈ ਮੇਰੀਆਂ ਕਾਰਵਾਈਆਂ**


- [ ] www.myrefugeeclaim.ca 'ਤੇ ਜਾਓ ਅਤੇ ਸਿੱਖੋ
- [ ] ਜਾਣੋ ਕਿ ਮੈਂ ਸ਼ਰਨਾਰਥੀ ਦਾਅਵੇ ਦੀ ਪ੍ਰਕ੍ਰਿਆ ਵਿੱਚ ਕਿੱਥੇ ਹਾਂ ਅਤੇ ਮੇਰੇ ਅਗਲੇ ਕਦਮ ਕੀ ਹਨ
- [ ] ਤਿੰਨ ਸਰਕਾਰੀ ਏਜੰਸੀਆਂ ਬਾਰੇ ਜਾਣੋ: ਸੀਬੀਐਸਏ, ਆਈਆਰਸੀਸੀ, ਆਈਆਰਬੀ
- [ ] ਆਈਆਰਬੀ ਵੈੱਬਸਾਈਟ 'ਤੇ ਦਾਅਵੇਦਾਰ ਦੀ ਗਾਈਡ(ਮਾਰਗਦਰਸ਼ਨ) ਨੂੰ ਪੜ੍ਹੋ
- [ ] ਆਈਆਰਸੀਸੀ ਵੈੱਬਸਾਈਟ 'ਤੇ "ਕਨੇਡਾ ਵਿੱਚ ਸ਼ਰਨਾਰਥੀ ਸਥਿਤੀ ਦਾ ਦਾਅਵਾ ਕਿਵੇਂ ਕਰੀਏ" ਪੰਨੇ 'ਤੇ ਜਾਓ
- [ ] ਸ਼ਰਨਾਰਥੀ ਦਾਅਵੇਦਾਰਾਂ ਲਈ ਪ੍ਰੋਗਰਾਮਾਂ ਅਤੇ ਸਮਾਗਮਾਂ ਵਿੱਚ ਹਿੱਸਾ ਲਓ, ਜਿਵੇਂ ਕਿ ਸਹਾਇਤਾ ਸਮੂਹ ਅਤੇ ਵਿਦਿਅਕ ਵਰਕਸ਼ਾਪਾਂ

ਇਹ ਬਹੁਤ ਸਾਰੀ ਜਾਣਕਾਰੀ ਹੈ, ਪਰ ਤੁਸੀਂ ਇਹ ਕਰ ਸਕਦੇ ਹੋ!

**ਪ੍ਰਕ੍ਰਿਆ ਸਮੇਂ ਦੇ ਨਾਲ ਵਾਪਰਦੀ ਹੈ। ਉਸ ਪੜਾਅ 'ਤੇ ਧਿਆਨ ਕੇਂਦਰਿਤ  ਕਰੋ ਜਿਸ 'ਤੇ ਤੁਸੀਂ ਇਸ ਸਮੇਂ ਹੋ। ਜਾਣੋ ਕਿ ਅੱਗੇ ਕੀ ਹੁੰਦਾ ਹੈ। ਕਦਮ ਦਰ ਕਦਮ ਜਾਓ।**

## ਮਹੱਤਵਪੂਰਨ

ਪ੍ਰਕ੍ਰਿਆ ਦੇ ਕੁਝ ਪੜਾਵਾਂ 'ਤੇ, ਤੁਸੀਂ ਬਹੁਤ ਸਾਰੀਆਂ ਚੀਜ਼ਾਂ ਕਰਨ ਲਈ ਬਹੁਤ ਵਿਅਸਤ ਹੋਵੋਗੇ। ਕਈ ਵਾਰੀ ਤੁਹਾਨੂ ਮਹੱਸੂਸ ਹੋਵੇਗਾ ਕਿ ਤੁਸੀਂ ਲੰਬੇ ਸਮੇਂ ਤੋਂ ਉਡੀਕ ਕਰ ਰਹੇ ਹੋ। ਆਪਣੇ ਉਡੀਕ ਸਮੇਂ ਦੀ ਵਰਤੋਂ ਕਰੋ ਅਤੇ ਸੂਚਿਤ ਰਹੋ।



# ਜੁੜੋ।

ਆਪਣੇ ਆਪ ਨੂੰ ਉਹਨਾਂ ਲੋਕਾਂ ਨਾਲ ਜੋੜੋ ਜੋ ਤੁਹਾਡੀ ਸ਼ਰਨਾਰਥੀ ਦਾਅਵੇ ਦੀ ਯਾਤਰਾ ਦੌਰਾਨ ਤੁਹਾਡੀ ਮਦਦ ਕਰ ਸਕਦੇ ਹਨ।

**ਜੁੜਣ ਲਈ ਮੇਰੀਆਂ ਕਾਰਵਾਈਆਂ**

- [ ] ਕਿਸੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ
- [ ] ਮੇਰੇ ਨੇੜੇ ਬੰਦੋਬਸਤ/ਭਾਈਚਾਰਿਕ ਏਜੰਸੀਆਂ ਨਾਲ ਜੁੜਨਾ ਚਾਹੀਦਾ ਹੈ
- [ ] ਸਮਰਥਨ ਲਈ ਆਪਣੇ ਆਲੇ ਦੁਆਲੇ ਲੋਕਾਂ ਨਾਲ ਸੰਬੰਧ ਬਣਾਉਣਾ ਚਾਹੀਦਾ ਹੈ
- [ ] ਮੇਰੀ ਸੰਪਰਕ ਜਾਣਕਾਰੀ ਨੂੰ ਆਈਆਰਸੀਸੀ, ਸੀਬੀਐਸਏ, ਅਤੇ ਆਈਆਰਬੀ-ਆਰਪੀਡੀ ਨਾਲ ਅਪਡੇਟ(ਤਾਜ਼ਾ) ਕਰਦੇ ਰਿਹਣਾ ਚਾਹੀਦਾ ਹੈ
- [ ] ਇੱਕ ਤਿਆਰ ਟੂਰ ਵਿੱਚ ਸ਼ਾਮਲ ਹੋਣਾ ਅਤੇ ਇੱਕ ਆਈਆਰਬੀ ਕਰਮਚਾਰੀ/ਵਿਅਕਤੀ ਨੂੰ ਮਿਲ ਕੇ ਮੇਰੇ ਸ਼ਰਨਾਰਥੀ ਦਾਅਵੇ ਅਤੇ ਅਪੀਲ ਪ੍ਰਕਿਰਿਆਵਾਂ ਬਾਰੇ ਸਵਾਲ ਪੁੱਛਣੇ ਚਾਹੀਦੇ ਹਨ

**ਇੱਥੇ ਮੇਰੇ ਸਹਿਯੋਗੀ ਲੋਕਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਹਨ:**

| | |
|---|---|
| ਮੇਰਾ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ | ਮੇਰਾ ਬੰਦੋਬਸਤ/ਭਾਈਚਾਰਿਕ ਕਰਮਚਾਰੀ |
| ਮੇਰਾ ਦੋਸਤ ਜਾਂ ਪਰਿਵਾਰਕ ਮੈਂਬਰ | ਹੋਰ |

ਜਿੱਥੇ ਤੁਸੀਂ ਰਹਿੰਦੇ ਹੋ ਉੱਥੇ ਮੁੱਖ ਸੰਪਰਕ ਅਤੇ ਸਹਾਇਤਾ ਲੱਭੋ।



# ਤਿਆਰ ਰਹੋ।

ਸ਼ਰਨਾਰਥੀ ਦਾ ਦਾਅਵਾ ਕਰਨ ਲਈ ਤੁਹਾਨੂੰ ਕਾਰਵਾਈ ਕਰਨ ਅਤੇ ਧਿਆਨ ਨਾਲ ਤਿਆਰੀ ਕਰਨ ਦੀ ਲੋੜ ਹੁੰਦੀ ਹੈ।

ਤੁਹਾਨੂੰ ਹਰ ਕਦਮ ਲਈ ਤਿਆਰ ਰਹਿਣ ਦੀ ਲੋੜ ਹੈ। ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਬੀਓਸੀ ਫਾਰਮ ਹੈ, ਜਿੱਥੇ ਤੁਸੀਂ ਆਪਣੀ ਕਹਾਣੀ ਲਿਖਦੇ ਹੋ। ਸਭ ਤੋਂ ਮਹੱਤਵਪੂਰਨ ਘਟਨਾ ਤੁਹਾਡੀ ਸ਼ਰਨਾਰਥੀ ਸੁਣਵਾਈ ਹੈ, ਜਿੱਥੇ ਤੁਸੀਂ ਆਪਣੀ ਕਹਾਣੀ ਆਈਆਰਬੀ-ਆਰਪੀਡੀ ਦੇ ਮੈਂਬਰ ਨੂੰ ਸੁਣਾਉਂਦੇ ਹੋ। ਤੁਹਾਡੀ ਸੁਣਵਾਈ 'ਤੇ, ਮੈਂਬਰ ਤੁਹਾਡੇ ਸ਼ਰਨਾਰਥੀ ਦਾਅਵੇ ਦਾ ਫੈਸਲਾ ਕਰਦਾ ਹੈ।

**ਤਿਆਰ ਹੋਣ ਲਈ ਮੇਰੀਆਂ ਕਾਰਵਾਈਆਂ**

- ☐ ਆਪਣੇ ਦਸਤਾਵੇਜ਼, ਸਬੂਤ ਅਤੇ ਗਵਾਹੀ ਤਿਆਰ ਕਰਨ ਲਈ ਮੇਰੇ ਵਕੀਲ ਜਾਂ ਕਾਨੂੰਨੀ ਪ੍ਰਤੀਨਿਧੀ ਨੂੰ ਮਿਲਨਾ ਚਾਹੀਦਾ ਹੈ
- ☐ ਮੇਰੀ ਕਹਾਣੀ ਦਾ ਸਮਰਥਨ ਕਰਨ ਲਈ ਸਬੂਤ ਇਕੱਠੇ ਕਰਨੇ ਚਾਹੀਦੇ ਹਨ
- ☐ ਮੇਰੀ ਸ਼ਰਨਾਰਥੀ ਸੁਣਵਾਈ ਦੀ ਤਿਆਰੀ ਕਿਵੇਂ ਕਰਨੀ ਹੈ ਇਹ ਸਿੱਖਣ ਲਈ ਸੁਣਵਾਈ ਤਿਆਰ ਦੌਰੇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ
- ☐ ਮੇਰੀਆਂ ਮਹੱਤਵਪੂਰਨ ਤਾਰੀਖਾਂ ਅਤੇ ਅੰਤਮ ਤਾਰੀਖਾਂ ਦਾ ਧਿਆਨ ਰੱਖਣਾ ਚਾਹੀਦਾ ਹੈ
- ☐ ਮੇਰੇ ਸਾਰੇ ਦਸਤਾਵੇਜ਼ (ਜਿਵੇਂ ਕਿ ਮੇਰੇ ਸ਼ਰਨਾਰਥੀ ਦਾਅਵੇ ਦੇ ਦਸਤਾਵੇਜ਼ਾਂ ਦੀ ਕਾਪੀ) ਨੂੰ ਸੰਗਠਿਤ ਅਤੇ ਆਸਾਨੀ ਨਾਲ ਲੱਭਣ ਦੇ ਤਰੀਕੇ ਨਾਲ ਰੱਖਣਾ ਚਾਹੀਦਾ ਹੈ
- ☐ ਮੇਰੇ ਦਾਅਵੇ ਵਿੱਚ ਮਹੱਤਵਪੂਰਨ ਕਾਨੂੰਨੀ ਮੁੱਦਿਆਂ ਨੂੰ ਸਮਝਣਾ ਚਾਹੀਦਾ ਹੈ: ਜਿਵੇਂ ਕੀ ਪਛਾਣ, ਭਰੋਸੇਯੋਗਤਾ, ਨਿੱਜੀ ਡਰ, ਅਤੇ ਹੋਰ
- ☐ ਧਿਆਨ ਦੇਣਾ, ਦਸਤਾਵੇਜ਼ਾਂ ਦੀ ਸਮੀਖਿਆ ਕਰਨਾ, ਆਪਣੀ ਖੁਦ ਦੀ ਖੋਜ ਕਰਨਾ, ਅਤੇ ਸਵਾਲ ਪੁੱਛਣੇ ਚਾਹੀਦੇ ਹਨ

ਆਪਣੇ ਸ਼ਰਨਾਰਥੀ ਦਾਅਵੇ ਲਈ ਤਿਆਰੀ ਕਿਵੇਂ ਕਰਨੀ ਹੈ ਉਸ ਬਾਰੇ ਜਾਣੋ।

# ਮੇਰੀਆਂ ਮਹੱਤਵਪੂਰਨ ਸ਼ਰਨਾਰਥੀ ਦਾਅਵਾ ਮਿਤੀਆਂ ਅਤੇ ਸਮਾਂ ਸੀਮਾਵਾਂ

## ਦਾਖਲੇ ਦੀ ਬੰਦਰਗਾਹ ਦਾ ਦਾਅਵਾ

ਮੇਰੇ ਕਨੇਡਾ ਵਿੱਚ ਦਾਖਲ ਹੋਣ ਦੀ ਮਿਤੀ

ਯੋਗਤਾ ਇੰਟਰਵਿਊ

ਬਾਇਓਮੈਟ੍ਰਿਕਸ ਨਿਯੁਕਤੀ

ਆਇਐਮਈ ਮੁਲਾਕਾਤ

ਬੀਓਸੀ ਫਾਰਮ ਜਮ੍ਹਾਂ ਕਰਨ ਦੀ ਮਿਤੀ

ਸਬੂਤ ਅਤੇ ਗਵਾਹ ਪੇਸ਼ ਕਰਨ ਦੀਆਂ ਤਾਰੀਖਾਂ

ਆਈਆਰਬੀ-ਆਰਪੀਡੀ ਸ਼ਰਨਾਰਥੀ ਸੁਣਵਾਈ ਦੀ ਮਿਤੀ

## ਅੰਦਰੂਨੀ ਦਾਅਵਾ

ਔਨਲਾਈਨ ਪੋਰਟਲ ਦੀ ਸਮਾਪਤੀ ਮਿਤੀ

ਪੋਰਟਲ 'ਤੇ ਆਪਣਾ ਦਾਅਵਾ ਪੇਸ਼ ਕਰਣ ਦੀ ਮਿਤੀ

ਬਾਇਓਮੈਟ੍ਰਿਕਸ ਨਿਯੁਕਤੀ

ਆਇਐਮਈ ਮੁਲਾਕਾਤ

ਯੋਗਤਾ ਇੰਟਰਵਿਊ

ਸਬੂਤ ਅਤੇ ਗਵਾਹ ਪੇਸ਼ ਕਰਨ ਦੀਆਂ ਤਾਰੀਖਾਂ

ਆਈਆਰਬੀ-ਆਰਪੀਡੀ ਸ਼ਰਨਾਰਥੀ ਸੁਣਵਾਈ ਦੀ ਮਿਤੀ



## ਮਹੱਤਵਪੂਰਨ ਸਰਕਾਰੀ ਸੰਪਰਕ

ਆਈਆਰਬੀ, ਆਈਆਰਸੀਸੀ, ਅਤੇ ਸੀਬੀਐਸਏ ਲਈ ਰਾਸ਼ਟਰੀ, ਸੂਬਾਈ ਅਤੇ ਖੇਤਰੀ ਸੰਪਰਕ ਜਾਣਕਾਰੀ ਖੋਜੋ।



## ਭਾਈਚਾਰਕ ਸਰੋਤ

ਆਪਣੇ ਸ਼ਰਨਾਰਥੀ ਬੰਦੋਬਸਤ ਅਤੇ ਭਾਈਚਾਰਿਕ ਏਜੰਸੀਆਂ ਨਾਲ ਜੁੜੋ।

# ਮੇਰੇ ਨੋਟਸ

ਮੇਰੇ ਰਫਿਊਜੀ ਕਲੇਮ ਨੂ ਨਿਧਿ ਕਰਨ ਵਾਲੇ(ਫੰਡਰ):


The Notary Foundation

Legal Aid BC

The Houssian Foundation

Alberta Law Foundation

The Law Foundation of British Columbia

The Law Foundation of Ontario — Advancing access to justice

UNHCR | Canada — The UN Refugee Agency

British Columbia | WelcomeBC

ਅਲਿਸਟੇਅਰ ਕਲਾਰਕ, ਕਲਾਰਕ ਇਮੀਗ੍ਰੇਸ਼ਨ ਕਾਨੂੰਨ: ਕਾਨੂੰਨੀ ਸਮੀਖਿਆ ਕਰਨ ਵਾਲੇ
ਅਨੁਵਾਦ Exchange Language Services (ELS) ਦਵਾਰਾ ਕਿਤੀ ਗਈ ਹੈ

ਐਂਡਰੀਆ ਆਰਮਸਟ੍ਰੌਂਗ: ਡਿਜ਼ਾਈਨ ਅਤੇ ਚਿੱਤਰਕਾਰਇਤਾਂ


**ਮੇਰਾ ਸ਼ਰਨਾਰਥੀ ਦਾਅਵਾ**

ਮੇਰੇ ਸ਼ਰਨਾਰਥੀ ਦਾਅਵੇ ਬਾਰੇ ਹੋਰ ਜਾਣਨ ਲਈ ਇਸ ਲਿੰਕ ਤੇ ਜਾਂਓ
www.myrefugeeclaim.ca

kinbrace
REFUGEE HOUSING & SUPPORT

ਵੈਨਕੂਵਰ, ਬੀਸੀ ਵਿੱਚ ਸਥਿਤ ਕਿਨਬ੍ਰੇਸ (Kinbrace) ਕਮਿਊਨਿਟੀ ਸ਼ਰਨਾਰਥੀ ਦਾਅਵੇਦਾਰਾ ਨੂੰ ਸੰਪੂਰਨ ਸਹਾਇਤਾ ਪ੍ਰਾਪਤ ਕਰਦੀ ਹੈ ਜਿਸ ਵਿੱਚ ਰਿਹਾਇਸ਼, ਸਾਥ, ਰੁਜਗਾਰ ਅਤੇ ਜੰਤਰ ਕਾਨੂੰਨੀ ਸਮੀਖਿਆ ਦੇ ਸਰੋਤ ਸ਼ਾਮਲ ਹਨ। ਸ਼ਰਨਾਰਥੀ ਦਾਵੇਦਾਰ ਲਈ ਸਾਡਾ ਦ੍ਰਿਸ਼ਟੀਕੋਣ ਇੱਕ ਸਵਾਗਤ ਦੀ ਦੁਨੀਆ, ਸਮੁਦਾਈ ਮਲਕੀਅਤ ਦੀ ਭਾਵਨਾ ਅਤੇ ਮੌਕਿਆਂ ਭਰੀ ਜ਼ਿੰਦਗੀ ਹੈ।